# ਆਵਾਜਾਈ ਦੇ ਸਾਧਨ

ਨਵੇਂ ਆਵਾਸੀਆਂ ਲਈ ਕੈਲਗਰੀ ਸ਼ਹਿਰ ਵਿੱਚ ਘੁਮਣਾ ਮੁਸਕਿਲ ਹੋ ਸਕਦਾ ਹੈ। ਇਹ ਸ਼ਹਿਰ ਬਹੁਤ ਫੈਲਿਆ ਹੋਇਆ ਹੈ, ਅੱਤੇ ਜ਼ਿਆਦਾਤਰ ਸਵਾਰੀ ਲਈ ਕਾਰਾਂ ਆਦ ਤੇ ਨਿਰਭਰ ਹੋਣਾ ਪੈਂਦਾ ਹੈ। ਆਵਾਜਾਈ ਦੇ ਬਹੁਤ ਸਾਰੇ ਸਰਕਾਰੀ ਸਾਧਨ ਹਨ ਅੱਤੇ ਇਹਨਾਂ ਨੂੰ ਵਰਤਣ ਦੇ ਢੰਗ ਲਈ ਹਿਦਾਇਤਾਂ ਵੀ ਉਪਲੱਭਧ ਹਨ।

**Public Transportation – Buses and CTrain**
Calgary Transit
Customer Service Centre
224 - 7 Avenue S.W., Calgary

Hours: 10.00 – 5:30 Mon-Fri
www.calgarytransit.com

Calgary Transit Call Centre (403) 262-1000

**ਸੀਨੀਅਰ ਸਿਟੀਜ਼ਨ ਟਰਾਨਜ਼ਿਟ ਪਾਸ (Senior Citizen Transit Pass)**

ਇਹ ਕੀ ਹੈ: ਇਹ ਟਰਾਨਜ਼ਿਟ ਪਾਸ ਇਕ ਸਾਲ ਵਾਸਤੇ (ਜੁਲਾਈ ਤੋਂ ਜੂਨ ਤੱਕ) ਜਾਰੀ ਕੀਤਾ ਜਾਂਦਾ ਹੈ, ਜਿਸ ਨਾਲ ਬਜ਼ੁਰਗ ਬਿਨਾ ਕਿਸੇ ਵਾਧੂ ਖ਼ਰਚੇ ਤੋਂ ਕੈਲਗਰੀ ਟਰਾਂਜ਼ਿਟ ਸਰਵਿਸ ਤੇ ਸਫ਼ਰ ਕਰ ਸਕਦੇ ਹਨ।

ਇਹ ਕਿੱਥੇ ਵਰਤਿਆ ਜਾ ਸਕਦਾ ਹੈ: ਇਹ ਬਸਾਂ ਜਾਂ ਸੀ-ਟਰੇਨ ਤੇ ਵਰਤਿਆ ਜਾ ਸਕਦਾ ਹੈ।

ਇਸਨੂੰ ਕੌਣ ਵਰਤ ਸਕਦਾ ਹੈ: ਕੈਲਗਰੀ ਵਿੱਚ ਰਹਿਣ ਵਾਲੇ 65 ਸਾਲਾਂ ਤੋਂ ਉਪਰ ਦੇ ਬਜ਼ੁਰਗ ਇਸਦੀ ਵਰਤੋਂ ਕਰ ਸਕਦੇ ਹਨ।

ਕੀਮਤ: ਇਕ ਸਾਲ ਦੇ ਪਾਸ ਦੀ ਕੀਮਤ $35 ਹੈ। ਘੱਟ ਆਮਦਨ ਵਾਲੇ ਬਜ਼ੁਰਗਾਂ ਲਈ ਇਸ ਦੀ ਕੀਮਤ ਦੀ $15 ਹੈ।

$15 ਦੇ ਪਾਸ ਲਈ ਕੋਣ ਯੋਗ ਪਾਤਰ ਹੈ: ਇਕਲੇ ਬਜ਼ੁਰਗ ਜਿਨਾਂ ਦੀ ਸਾਲਾਨਾ ਆਮਦਨ $18,756 ਹੈ, ਜਾਂ ਜੋੜੇ ਦੀ ਸਾਲਾਨਾ ਆਮਦਨ $28,530 ਹੈ।

ਐਪਲਾਈ ਕਰਨ ਦਾ ਤਰੀਕਾ: $15 ਦੇ ਸਾਲਾਨਾ ਪਾਸ ਲਈ ਐਪਲਾਈ ਕਰਨ ਲਈ ਉਮਰ ਅੱਤੇ ਆਮਦਨ ਦਾ ਸਬੂਤ ਚਾਹੀਦਾ ਹੈ। ਉਪਰ ਲਿਖੇ ਪਤੇ ਤੇ ਕਸਟਮਰ ਸਰਵਿਸ ਸੈਂਟਰ ਤੇ ਐਪਲਾਈ ਕਰੋ, ਜਾਂ ਮੇਲ ਰਾਹੀਂ ਫਾਰਮ ਮੰਗਵਾਉਣ ਲਈ ਫ਼ੋਨ ਕਰੋ। ਫ਼ਾਰਮ ਇੰਟਰਨੈਟ ਤੋਂ ਵੀ ਲਿਆ ਜਾ ਸਕਦਾ ਹੈ।

http://www.calgarytransit.com/html/Passes.html

**ਘੱਟ ਆਮਦਨ ਵਾਲਾ ਮਹੀਨਾਵਾਰ ਟਰਾਂਜ਼ਿਟ ਪਾਸ (Low Income Monthly Transit Pass)**

ਇਹ ਕੀ ਹੈ: ਇਹ 18 ਸਾਲ ਤੋਂ ਵੱਧ ਉਮਰ ਦੇ ਘਟ ਆਮਦਨ ਵਾਲਿਆਂ ਲਈ ਮਹੀਨੇ ਦਾ ਟਰਾਂਜ਼ਿਟ ਪਾਸ ਹੁੰਦਾ ਹੈ।

ਕੀਮਤ: $37.50 ਮਹੀਨੇ ਦੇ।

ਇਸਦਾ ਯੋਗ ਪਾਤਰ ਕੌਣ ਹੋ ਸਕਦਾ ਹੈ: ਇਸ ਲਈ ਘਰ ਦੇ ਸਾਰੇ ਮੈਂਬਰਾਂ ਦੀ ਆਮਦਨ ਗਿਣੀ ਜਾਂਦੀ ਹੈ। ਜੇਕਰ ਕੋਈ ਬਜ਼ੁਰਗ ਆਵਾਸੀ (65 ਸਾਲਾਂ ਤੋਂ ਘੱਟ) ਪਰਵਾਰ ਦੇ ਮੈਂਬਰਾਂ ਨਾਲ ਰਹਿ ਰਿਹਾ ਹੈ, ਤਾਂ ਘਰ ਦੇ 18 ਸਾਲਾਂ ਤੋਂ ਵਧ ਉਮਰ ਵਾਲੇ ਸਾਰੇ ਜੀਆਂ ਦੀ ਆਮਦਨ ਵਿਚਾਰੀ ਜਾਂਦੀ ਹੈ। ਆਮਦਨ ਦੇ ਪਧਰ ਦੀ ਲਿਸਟ ਕੈਲਗਰੀ ਟਰਾਂਜ਼ਿਟ ਵੈਬਸਾਈਟ http://www.calgarytransit.com/html/Passes.html ਤੋਂ ਲਈ ਜਾ ਸਕਦੀ ਹੈ।

ਐਪਲਾਈ ਕਿਸ ਤਰਾਂ ਕਰਨਾ ਹੈ: ਘਰ ਵਿੱਚ 18 ਸਾਲਾਂ ਤੋਂ ਵੱਧ ਉਮਰ ਦੇ ਸਾਰੇ ਬੰਦਿਆਂ ਦੇ ਕਨੇਡਾ ਰੈਵੀਨਿਊ ਏਜੈਂਸੀ ਤੋਂ ਇਨਕਮ ਟੈਕਸ ਅਸੈਸਮੈਂਟ ਨੋਟਿਸ ਦੀ ਲੋੜ ਹੈ। ਉਪਰ ਲਿਖੇ ਪਤੇ ਤੇ ਕਸਟਮਰ ਸਰਵਿਸ ਸੈਂਟਰ ਤੇ ਐਪਲਾਈ ਕਰੋ, ਜਾਂ ਮੇਲ ਰਾਹੀਂ ਫਾਰਮ ਮੰਗਵਾਉਣ ਲਈ ਫ਼ੋਨ ਕਰੋ। ਫ਼ਾਰਮ ਇੰਟਰਨੈਟ ਤੋਂ ਵੀ ਲਿਆ ਜਾ ਸਕਦਾ ਹੈ।

## ਹੈਂਡੀਕੈਪ ਲੋਕਾਂ ਲਈ ਆਵਾਜਾਈ ਦੇ ਸਾਧਨ – ਐਕਸੈਸ ਕੈਲਗਰੀ
## (Handicapped Transportation – Access Calgary)

ਕੈਲਗਰੀ ਟਰਾਂਜ਼ਿਟ ਦਾ ਇਕ ਵਿਭਾਗ ਜਿਸਨੂੰ ਐਕਸੈਸ ਕੈਲਗਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਆਵਾਜਾਈ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ।

Access Calgary

| | |
|---|---|
| Eligibility/New Users | (403) 537-7770 |
| TTY | (403) 537-7977 |

www.accesscalgary.ca

ਐਕਸੈਸ ਕੈਲਗਰੀ ਕੀ ਹੈ: ਇਹ ਕੈਲਗਰੀ ਸ਼ਹਿਰ ਦੀ ਸੀਮਾ ਦੇ ਵਿੱਚ ਸਾਂਝੀ ਰਾਈਡ ਦੀ ਸੇਵਾ ਦੇਣ ਵਾਲੀ ਇੱਕ ਸੰਸਥਾ ਹੈ। ਇਸਦਾ ਮਤਲਬ ਹੈ ਕਿ ਇਕ ਵਾਹਨ ਵਿੱਚ ਇਕੋ ਸਮੇ ਇੱਕ ਤੋਂ ਵੱਧ ਸਵਾਰੀਆਂ ਹੋ ਸਕਦੀਆਂ ਹਨ। ਇਹ ਸੇਵਾ ਘਰੋਂ ਘਰ ਦਿੱਤੀ ਜਾਂਦੀ ਹੈ। ਇਸਦਾ ਮਤਲਬ ਹੈ ਕਿ ਸਵਾਰੀਆਂ ਨੂੰ ਘਰੋਂ ਜਾਂ ਦੂਸਰੀ ਥਾਂ ਤੋਂ ਲਿਆ ਜਾਂਦਾ ਹੈ ਅੱਤੇ ਉਹਨਾਂ ਦੇ ਟਿਕਾਣੇ ਤੇ ਪੁਚਾਇਆ ਜਾਂਦਾ ਹੈ।

ਇਸਦਾ ਯੋਗ ਪਾਤਰ ਕੌਣ ਹੈ: ਇਹ ਸੇਵਾ ਉਹਨਾਂ ਲੋਕਾਂ ਲਈ ਬਣਾਈ ਗਈ ਹੈ, ਜਿਹਨਾਂ ਦੀ ਸੇਹਤ ਠੀਕ ਨਹੀਂ, ਜਾਂ ਜੋ ਹਰ ਸਮੇਂ ਬਸਾਂ ਜਾਂ ਸੀ-ਟਰੇਨ ਤੇ ਸਫ਼ਰ ਕਰਨ ਦੇ ਸਮਰਥ ਨਹੀਂ ਹਨ। ਐਪਲੀਕੇਸ਼ਨ ਕਰਨ ਲਈ ਮੈਡੀਕਲ ਸਰਟੀਫੀਕੇਟ ਚਾਹੀਦਾ ਹੈ।

ਐਕਸੈਸ ਕੈਲਗਰੀ ਕਿਸ ਤਰਾਂ ਕੰਮ ਕਰਦੀ ਹੈ: ਟਰਿਪ ਬੁਕ ਕਰਨ ਲਈ ਪਹਿਲਾਂ ਤੋਂ ਫੋਨ ਕਰਨਾ ਚਾਹੀਦਾ ਹੈ। ਫ਼ੋਨ ਐਕਸੈਸ ਕੈਲਗਰੀ ਬੁਕਿੰਗ ਸਿਸਟਮ ਦਵਾਰਾ ਕੀਤਾ ਜਾਂਦਾ ਹੈ। ਟੈਕਸੀਆਂ ਜਾਂ ਹੈਂਡੀ-ਬਸਾਂ ਨੂੰ ਸਿੱਧਾ ਸੰਪਰਕ ਨਹੀਂ ਕੀਤਾ ਜਾਂਦਾ। ਟਰਿਪ ਬੁਕ ਕਰਨ ਲਈ ਇੰਗਲਿਸ਼ ਦੀ ਵਰਤੋਂ ਜ਼ਰੂਰੀ ਹੈ। ਜੇ ਐਕਸੈਸ ਕੈਲਗਰੀ ਕਾਰਡ ਦੇ ਮਾਲਕ ਨੂੰ ਇੰਗਲਿਸ਼ ਬੋਲਣੀ ਨਹੀਂ ਆਉਂਦੀ, ਤਾਂ ਉਹ ਕਿਸੇ ਹੋਰ ਨੂੰ ਬਸ ਟਰਿਪ ਬੁਕ ਕਰਨ ਲਈ ਕਹੇ।

ਕੀਮਤ: ਹਰ ਇਕ ਟਰਿਪ ਦੀ ਕੀਮਤ ਇਕ ਬਾਲਗ ਦੀ ਆਣ-ਜਾਣ ਦੀ ਟਰਾਂਜ਼ਿਟ ਟਿਕਟ ਹੈ। 10 ਟਿਕਟਾਂ ਦੀ ਇਕ ਕਾਪੀ ਸ਼ਹਿਰ ਦੇ ਵਖੋ-ਵਖ ਟਿਕਾਣਿਆਂ ਤੋਂ ਖਰੀਦੀ ਜਾ ਸਕਦੀ ਹੈ। ਘੱਟ ਆਮਦਨ ਵਾਲਾ ਮਹੀਨਾਵਾਰ ਟਰਾਂਜ਼ਿਟ ਪਾਸ ਵੀ ਰਾਈਡ ਲਈ ਵਰਤਿਆ ਜਾ ਸਕਦਾ ਹੈ, ਪਰ ਸੀਨੀਅਰ ਸਿਟੀਜ਼ਨ ਪਾਸ ਨਹੀਂ।

ਕੀ ਕੋਈ ਸਾਥੀ ਸਵਾਰੀ ਨਾਲ ਜਾ ਸਕਦਾ ਹੈ: ਐਕਸੈਸ ਕੈਲਗਰੀ ਵਰਤਣ ਵਾਲੇ ਲੋਕ, ਜਿਨਾਂ ਨੂੰ ਸਹਾਇਤਾ ਦੀ ਲੋੜ ਹੁੰਦੀ ਹੈ, ਉਹ ਬਿਨਾ ਕਿਸੇ ਖਰਚੇ ਦੇ ਆਪਣੇ ਨਾਲ ਇਕ ਸਵਾਰੀ ਲਿਜਾ ਸਕਦੇ ਹਨ। ਹੋਰ ਕੋਈ ਸਾਥੀ ਪੂਰਾ ਕਿਰਾਇਆ ਦੇ ਕੇ ਸਵਾਰੀ ਨਾਲ ਜਾ ਸਕਦਾ ਹੈ।

ਟੈਕਸੀ ਕਾਰਡ: ਐਕਸੈਸ ਕੈਲਗਰੀ ਨੂੰ ਵਰਤਣ ਵਾਲੇ ਜੋ ਬਿਨਾ ਕਿਸੇ ਸ਼ਰਤ ਦੇ ਇਸ ਸੇਵਾ ਦੇ ਹੱਕਦਾਰ ਹਨ, ਉਹਨਾਂ ਨੂੰ ਇਕ ACE ਕਾਰਡ ਦਿੱਤਾ ਜਾਂਦਾ ਹੈ। ਇਹ ਕਾਰਡ ਟੈਕਸੀ ਨੂੰ ਸਿਧੇ ਤੌਰ ਤੇ ਵਰਤਣ ਲਈ ਕੁਝ ਹਦ ਤਕ ਮਹੀਨੇ ਲਈ ਰਿਆਇਤ ਦਿੰਦਾ ਹੈ। ਇਸਦਾ ਮਤਲਬ ਹੈ ACE ਕਾਰਡ ਦਾ ਮਾਲਕ ਟਰਿਪ ਬੁਕ ਕਰਨ ਲਈ ਟੈਕਸੀ ਕੰਪਨੀ ਜਾਂ ਡਰਾਈਵਰ ਨੂੰ ਸਿਧੇ ਤੌਰ ਤੇ ਫ਼ੋਨ ਕਰਦਾ ਹੈ। ACE ਕਾਰਡ ਦਾ ਮਾਲਕ ਮਹੀਨੇ ਦੇ $40 ਡਾਲਰ ਤੋਂ ਵਧ ਕਿਰਾਏ ਦੀ ਰਕਮ ਦਾ ਭੁਗਤਾਨ ਖ਼ੁਦ ਕਰੇਗਾ।

ਐਪਲਾਈ ਕਿਸ ਤਰਾਂ ਕਰਨਾ ਹੈ: ਐਪਲੀਕੇਸ਼ਨ ਫ਼ਾਰਮ
http://www.servicealberta.gov.ab.ca/572.cfm ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
ਐਪਲੀਕੇਸ਼ਨ ਫ਼ਾਰਮ ਭਰ ਕੇ ਪਰਾਈਵੇਟ ਰਜਿਸਟਰੀ ਏਜੰਟ ਕੋਲ ਜਮਾ ਕਰੋ। ਕਰੀਬੀ ਏਜੰਟ ਲੱਭਣ ਲਈ ਇਸ ਵੈਬਸਾਈਟ ਤੇ ਏਖੋ। http://www.servicealberta.gov.ab.ca

**Travel Training**
Access Calgary
Eligibililty/New Users (403) 537-7770
TTY (403) 537-7977
www.accesscalgary.ca

ਬਸਾਂ ਅਤੇ ਸੀ-ਟਰੇਨ ਨੂੰ ਵਰਤਣ ਦੇ ਤਰੀਕੇ ਸਿੱਖਣ ਲਈ ਸਹਾਇਤਾ ਉਪਲਭਧ ਹੈ। ਬਜ਼ੁਰਗ ਅਤੇ ਅਪਾਹਜ ਲੋਕਾਂ ਲਈ ਕੈਲਗਰੀ ਟਰਾਂਜ਼ਿਟ ਸਰਵਿਸ ਵਰਤਣ ਦੇ ਤਰੀਕੇ ਸਿੱਖਣ ਲਈ ਸਹਾਇਤਾ ਦਿਤੀ ਜਾਂਦੀ ਹੈ। ਉਪਰ ਲਿਖੇ ਨੰਬਰ ਤੇ ਫ਼ੋਨ ਕਰਕੇ ਟਰੈਵਲ ਟਰੇਨਿਗ ਲਈ ਪੁਛੋ।

**Volunteer Driving**
Escorted Transportation
Calgary Seniors' Resource Society (403) 265-5181
www.calgaryseniors.org

ਇਹ ਕੀ ਹੈ: ਡੱਕਟਰ ਕੋਲ ਜਾਣ ਲਈ, ਸ਼ੌਪੀਂਗ ਅੱਤੇ ਬੈਂਕ ਜਾਣ ਲਈ ਵਲੰਟੀਅਰ ਡਰਾਈਵਰ ਸਹਾਇਤਾ ਪ੍ਰਦਾਨ ਕਰਦੇ ਹਨ।

ਇਸਦੇ ਯੋਗ ਕੌਣ ਹੈ: 65 ਸਾਲਾਂ ਤੋਂ ਵਧ ਉਹ ਬਜ਼ੁਰਗ ਜੋ ਪਬਲਿਕ ਟਰਾਂਸਪੋਰਟ ਤੇ ਨਹੀਂ ਜਾ ਸਕਦੇ। ਘੱਟ ਆਮਦਨ ਵਾਲੇ ਬਜ਼ੁਰਗ, ਜਿਨਾਂ ਦਾ ਪਰਵਾਰ ਕੈਲਗਰੀ ਵਿੱਚ ਨਹੀਂ ਹੈ ਅਤੇ ਜਿਨਾਂ ਨੂੰ ਡਾਕਟਰ ਕੋਲ ਜਾਣ ਲਈ ਸਹਾਇਤਾ ਚਾਹੀਦੀ ਹੈ, ਉਹਨਾਂ ਬਜ਼ੁਰਗਾਂ ਨੂੰ ਪਹਿਲ ਦਿਤੀ ਜਾਂਦੀ ਹੈ।

ਕੀਮਤ: ਹਰ ਇਕ ਟਰਿਪ ਦੇ $5 ਲਗਦੇ ਹਨ।

ਰਜਿਸਟਰ ਕਿਸ ਤਰਾਂ ਕਰਨਾ ਹੈ: ਹਰ ਇਕ ਟਰਿਪ ਲਈ ਇੱਕ ਹਫ਼ਤੇ ਦਾ ਨੋਟਿਸ ਚਾਹੀਦਾ ਹੈ। ਸਹਾਇਤਾ ਲਈ ਉਪਰ ਲਿਖੇ ਨੰਬਰ ਤੇ ਫ਼ੋਨ ਕਰੋ।

**ਡਰਾਈਵਰ ਲਾਈਸੈਂਸ (Driver's Licence)**

ਮੋਜੂਦਾ ਡਰਾਈਵਰ (Current Drivers)

- ਕਨੇਡਾ ਵਿੱਚ ਡਰਾਈਵਰ ਲਾਈਸੈਂਸ ਸੂਬੇ (province) ਦੀ ਸਰਕਾਰ ਜਾਰੀ ਕਰਦੀ ਹੈ।
- ਐਲਬਰਟਾ ਵਿੱਚ ਆਮ ਡਰਾਈਵਰ ਲਾਈਸੈਂਸ ਨੂੰ ਕਲਾਸ 5 ਲਾਈਸੈਂਸ ਕਿਹਾ ਜਾਂਦਾ ਹੈ।
- ਐਲਬਰਟਾ ਦੇ ਨਵੇਂ ਆਵਾਸੀਆਂ ਨੂੰ ਸੂਬੇ ਵਿੱਚ ਪਕੇ ਤੌਰ ਤੇ ਵਸਣ ਤੋਂ ਬਾਅਦ 90 ਦਿਨਾਂ ਦੇ ਵਿੱਚ ਐਲਬਰਟਾ ਡਰਾਈਵਰ ਲਾਈਸੈਂਸ ਲੈਣਾ ਜ਼ਰੂਰੀ ਹੈ। ਜੇ ਤੁਸੀਂ ਇਹਨਾਂ 90 ਦਿਨਾਂ ਦੇ ਵਿੱਚ ਐਲਬਰਟਾ ਤੋਂ ਬਾਹਰ ਵੀ ਸਫ਼ਰ ਕਰਦੇ ਹੋ, ਇਹ ਤਾਂ ਵੀ ਲਾਗੂ ਹੁੰਦਾ ਹੈ।
- ਦੂਸਰੇ ਕਨੇਡੀਅਨ ਖੇਤਰ ਦੇ ਸਾਈਸੈਂਸ ਦੇ ਬਦਲੇ ਵਿੱਚ ਐਲਬਰਟਾ ਦਾ ਲਾਈਸੈਂਸ ਬਦਲਿਆ ਜਾ ਸਕਦਾ ਹੈ। ਆਮਤੌਰ ਤੇ ਟਰੈਫਿਕ ਟੈਸਟ ਦੀ ਲੋੜ ਨਹੀਂ ਹੁੰਦੀ, ਪਰ ਮੈਡੀਕਲ ਅੱਤੇ ਨਜ਼ਰ ਦਾ ਟੈਸਟ ਜ਼ਰੂਰੀ ਹੈ।
- ਅੱਸਟਰੀਆ, ਬੈਲਜੀਅਮ, ਜਰਮਨੀ, ਜਪਾਨ, ਸਾਊਥ ਕੋਰੀਆ, ਸਵਿਟਜ਼ਰਲੈਂਡ, ਯੂਨਾਈਟਡ ਕਿੰਗਡਮ ਅੱਤੇ ਯੂਨਾਈਟਡ ਸਟੇਟਸ ਦਾ ਲਾਈਸੈਂਸ ਐਲਬਰਟਾ ਦੇ ਕਲਾਸ 5 ਲਾਈਸੈਂਸ ਵਿੱਚ ਬਦਲਿਆ ਜਾ ਸ਼ਕਦਾ

ਹੈ। ਇਹਨਾਂ ਦੇਸ਼ਾਂ ਤੋਂ ਇਲਾਵਾ ਕਿਸੇ ਹੋਰ ਦੇਸ਼ ਤੋਂ ਆਣ ਵਾਲਿਆਂ ਨੂੰ ਡਰਾਈਵਰ ਲਾਈਸੈਂਸ ਲੈਣ ਲਈ ਪੂਰਾ ਟੈਸਟ ਦੇਣਾ ਪੈਂਦਾ ਹੈ। ਇਸ ਵਿੱਚ ਮੈਡੀਕਲ ਅੱਤੇ ਨਜ਼ਰ ਦਾ ਟੈਸਟ ਵੀ ਹੈ।
- ਦਰਖ਼ਾਸਤ ਕਰਨ ਵਾਲੇ ਸਾਰੇ ਬੰਦਿਆਂ ਨੂੰ ਆਵਾਸ ਦਾ ਸਟੇਟੱਸ, ਰਹਿਣ ਦੀ ਥਾਂ ਅੱਤੇ ਸ਼ਨਾਖ਼ਤ ਦਾ ਸਬੂਤ ਪੇਸ਼ ਕਰਨਾ ਪੈਂਦਾ ਹੈ।
- ਐਲਬਰਟਾ ਵਿੱਚ ਡਰਾਈਵਰ ਲਾਈਸੈਸ ਪਰਾਈਵੇਟ ਰਜਿਸਟਰੀ ਏਜੰਟਾਂ ਰਾਹੀਂ ਲਿਆ ਜਾਂਦਾ ਹੈ। ਆਪਣੇ ਨੇੜੇ ਦੇ ਰਜਿਸਟਰੀ ਏਜੰਟ ਨੂੰ ਲੱਭਣ ਲਈ ਇਸ ਵੈਬਸਾਈ ਤੇ ਜਾਉ
http://www.servicealberta.gov.ab.ca/ra/ran.cfm

ਨਵੇਂ ਡਰਾਈਵਰ (New Drivers)

- ਐਲਬਰਟਾ ਵਿੱਚ ਡਰਾਈਵਿੰਗ ਸਿੱਖਣ ਲਈ ਕਲਾਸ 7 ਜਾਂ ਲਰਨਰ ਲਾਈਸੈਂਸ ਲੈਣਾ ਬਹੁਤ ਜ਼ਰੂਰੀ ਹੈ।
- ਲਰਨਰ ਲਾਈਸੈਂਸ ਲਈ, ਦਰਖ਼ਾਸਤ ਦੇਣ ਵਾਲੇ ਦੀ ਉਮਰ ਘੱਟ ਤੋਂ ਘੱਟ 14 ਸਾਲਾਂ ਦੀ ਹੋਣੀ ਜ਼ਰੂਰੀ ਹੈ, ਨਜ਼ਰ ਦਾ ਟੈਸਟ ਅੱਤੇ ਸੜਕ ਦੇ ਨਿਯਮਾਂ ਦਾ ਲਿਖਤੀ ਟੈਸਟ ਪਾਸ ਕਰਨਾ ਜ਼ਰੂਰੀ ਹੈ।
- ਲਰਨਰ ਨੂੰ ਡਰਾਈਵ ਕਰਨ ਲਈ ਕੁਝ ਸ਼ਰਤਾਂ ਮਨਣੀਆਂ ਪੈਂਦੀਆਂ ਹਨ।

ਐਲਬਰਟਾ ਵਿੱਚ ਡਰਾਈਵਿੰਗ ਦੀ ਹੋਰ ਵਿਸਥਾਰ-ਪੂਰਵਕ ਜਾਣਕਾਰੀ ਲੈਣ ਲਈ ਐਲਬਰਟਾ ਸਰਕਾਰ ਦੀ ਇਹ ਵੈਬਸਾਈਟ ਵੇਖੋ:
http://www.servicealberta.gov.ab.ca/index.cfm?fuseaction=section:drivers:newlicence